# ਸਮੋਕ ਅਲਾਰਮ

ਕਾਨੂੰਨ ਮੁਤਾਬਕ, ਵਿਕਟੋਰੀਆ ਵਿੱਚ ਸਾਰੀਆਂ ਰਿਹਾਇਸ਼ੀ ਪ੍ਰਾਪਰਟੀਆਂ ਦੀ ਹਰੇਕ ਮੰਜ਼ਲ ਤੇ ਘਟੋਂ ਘੱਟ ਇੱਕ ਸਮੋਕ ਅਲਾਰਮ ਲੱਗਿਆ ਹੋਣਾ ਚਾਹੀਦਾ ਹੈ।

**MFB** ਅਤੇ **CFA** ਇਹ ਸੁਝਾਅ ਦਿੰਦੇ ਹਨ ਕਿ **10–**ਸਾਲ ਦੀ ਲੀਥੀਅਮ ਬੈਟਰੀ ਵਾਲੇ ਫੋਟੋਇਲੇਕਟ੍ਰਿਕ ਸਮੋਕ ਅਲਾਰਮ ਕਿਸੇ ਅਜਿਹੀ ਥਾਂ ਤੇ ਲਗਾਏ ਜਾਣੇ ਚਾਹੀਦੇ ਹਨ ਜਿੱਥੇ ਉਨ੍ਹਾਂ ਨਾਲ ਛੇੜਾਖਾਨੀ ਨਾ ਕੀਤੀ ਜਾ ਸਕੇ।

- ਫੋਟੋਇਲੇਕਟ੍ਰਿਕ ਸਮੋਕ ਅਲਾਰਮ ਵੱਧ ਕਾਰਗਰ ਹੁੰਦੇ ਹਨ ਅਤੇ ਇਨ੍ਹਾਂ ਵਿੱਚ ਝੂਠੇ ਅਲਾਰਮ ਵੱਜਣ ਦੀ ਸੰਭਾਵਨਾ ਘੱਟ ਹੁੰਦੀ ਹੈ।
- ਇਹ ਸਟੈਂਡਅਲੋਨ (240v ਮੇਨਸ ਪਾਵਰ ਨਾਲ ਕਨੇਕਟ ਨਹੀਂ ਕੀਤੇ) ਜਾਂ ਹਾਰਡ-ਵਾਇਰਡ (240v ਮੇਨਸ ਪਾਵਰ ਨਾਲ ਕਨੇਕਟ ਕੀਤੇ) ਹੋ ਸਕਦੇ ਹਨ।



## ਮਹੀਨੇਵਾਰ ਜਾਂਚ ਕਰੋ

- ਬਟਨ ਦਬਾਓ
- ਤਦੋਂ ਤਕ ਦਬਾ ਕੇ ਰੱਖੋ ਜਦੋਂ ਤਕ ਕਿ ਅਲਾਰਮ ਤਿੰਨ ਵਾਰੀ ਨਾ ਵਜੇ



## ਸਾਲਾਨਾ ਤੌਰ 'ਤੇ ਧੂੜ-ਮਿੱਟੀ ਸਾਫ ਕਰੋ

- ਸਮੋਕ ਅਲਾਰਮ ਦੇ ਢੱਕਣ ਦੇ ਆਲੇ-ਦੁਆਲੇ ਧੂੜ-ਮਿੱਟੀ ਸਾਫ ਕਰੋ ਜਾਂ ਹੌਲੇ-ਹੌਲੇ ਕਪੜਾ ਮਾਰੋ

* ਜੇਕਰ ਲਾਗੂ ਹੋਵੇ ਤਾਂ ਸਾਲਾਨਾ ਤੌਰ 'ਤੇ ਆਪਣੇ ਸਮੋਕ ਅਲਾਰਮ ਦੀਆਂ ਬੈਟਰੀਆਂ ਬਦਲੋ



## ਹਰ 10 ਸਾਲ ਬਾਅਦ ਬਦਲੋ

- ਸਾਰੇ ਸਮੋਕ ਅਲਾਰਮ (ਹਾਰਡ-ਵਾਇਰਡ ਅਤੇ ਸਟੈਂਡਅਲੋਨ) ਬਦਲੇ ਜਾਣੇ ਚਾਹੀਦੇ ਹਨ

MFB CFA

# ਮੈਂ ਆਪਣਾ ਸਮੋਕ ਅਲਾਰਮ ਕਿੱਥੇ ਇੰਸਟਾਲ ਕਰਾਂ?

- ਸਮੋਕ ਅਲਾਰਮ ਦੀਵਾਰ ਤੋਂ ਘਟੋਂ ਘੱਟ 30cm ਦੀ ਦੂਰੀ ਤੇ ਛੱਤ ਤੇ ਲਗਾਏ ਜਾਣੇ ਚਾਹੀਦੇ ਹਨ।
- ਸਮੋਕ ਅਲਾਰਮ ਸੌਣ ਵਾਲੇ ਹਰੇਕ ਕਮਰੇ ਅਤੇ ਬਾਕੀ ਦੇ ਘਰ ਵਿੱਚਕਾਰ ਲਗਾਏ ਜਾਣੇ ਚਾਹੀਦੇ ਹਨ।
- ਸਮੋਕ ਅਲਾਰਮ ਕਿਸੇ ਵੀ ਅਜਿਹੇ ਕਮਰੇ ਵਿੱਚ ਲਗਾਏ ਜਾਣੇ ਚਾਹੀਦੇ ਹਨ ਜਿਸ ਵਿੱਚ ਕੋਈ ਦਰਵਾਜ਼ਾ ਬੰਦ ਕਰਕੇ ਸੌਂਦਾ ਹੈ।
- ਸਮੋਕ ਅਲਾਰਮ ਔਸਟ੍ਰੇਲੀਆਈ ਸਟੈਂਡ੍ਰਡ (ਮਿਆਰ) AS3786 ਨੂੰ ਪੂਰਾ ਕਰਕੇ ਹੋਣੇ ਚਾਹੀਦੇ ਹਨ।

Certified Product™
Australian Standard

ਇਹ ਸੌਣ ਵਾਲੇ ਹਰੇਕ ਕਮਰੇ ਅਤੇ ਬਾਕੀ ਦੇ ਘਰ ਵਿੱਚਕਾਰ ਲਗਾਏ ਜਾਣੇ ਚਾਹੀਦੇ ਹਨ।

ਵਾਧੂ ਸੁਰੱਖਿਆ ਦੇਣ ਲੈਣ ਉਹ ਅਤਿਰਿਕਤ ਥਾਵਾਂ ਜਿੱਥੇ ਤੁਸੀਂ ਸਮੋਕ ਅਲਾਰਮ ਲਗਾ ਸਕਦੇ ਹੋ, ਉਹ ਹਨ

